## PUNJABI COMPULSORY (ਮੁੱਢਲਾ ਗਿਆਨ) – B

**(Semester–IV)**

**Time : Three Hours** | **Maximum Marks : 75**

### ਭਾਗ - A

I. ਕਿਸੇ ਇਕ ਲੇਖ ਦੇ ਸਰਲ ਅਰਥ ਲਿਖੋ ਅਤੇ ਕਿਸੇ ਇਕ ਲੇਖ ਦਾ ਸਾਰ ਲਿਖੋ :

(a) ਪੰਜਾਬੀ ਸਭਿਆਚਾਰ : ਮੁੱਢਲੀ ਜਾਣਕਾਰੀ (b) ਲੋਕਧਾਰਾ ਅਤੇ ਸਾਹਿਤ

(c) ਤੀਆਂ (d) ਉਹ ਕਵੀਸ਼ਰ ਜੋ ਹੁਣ ਨਹੀਂ ਮਿਲਦੇ। 5+5 = 10

II. ਕਿਸੇ ਇਕ ਲੇਖ ਵਿਚਲੇ ਵਿਚਾਰਾਂ ਸਬੰਧੀ ਸੰਖੇਪ ਜਾਣਕਾਰੀ ਦਰਜ ਕਰੋ :

(a) ਲੋਕਧਾਰਾ ਅਤੇ ਸਾਹਿਤ (b) ਤੀਆਂ। 5

III. ਕਿਸੇ ਦੋ ਪ੍ਰਸ਼ਨਾਂ ਦਾ ਸੰਖੇਪ ਉੱਤਰ ਲਿਖੋ :

(a) ਲੋਕਧਾਰਾ ਦੇ ਅਰਥ ਸਪੱਸ਼ਟ ਕਰੋ। (b) ਲੋਕਧਾਰਾ ਦਾ ਕੀ ਮਹੱਤਵ ਹੈ ?

(c) ਸਾਹਿਤ ਨਾਲ ਲੋਕਧਾਰਾ ਦੇ ਸਬੰਧ ਵਿਚਾਰੋ। (d) ਪੰਜਾਬੀ ਲੋਕਧਾਰਾ ਦੀ ਵਿਸ਼ੇਸ਼ਤਾ ਦਰਜ ਕਰੋ। 5+5=10

### ਭਾਗ - B

IV. ਪੰਜਾਬੀ ਭਾਸ਼ਾ ਦੇ ਸਰੋਤਾਂ ਬਰੇ ਚਰਚਾ ਕਰਦਿਆਂ ਭਾਰਤੀ ਭਾਸ਼ਾਵਾਂ ਨਾਲ ਇਸ ਦੇ ਸਬੰਧ ਵਿਚਾਰੋ। ਜਾਂ
ਕਿਸ ਭਾਸ਼ਾ ਨੂੰ ਵੈਦਿਕ ਭਾਸ਼ਾ ਕਿਹਾ ਜਾਂਦਾ ਹੈ ? ਭਾਸ਼ਾ ਪਰਿਵਾਰ ਤੋਂ ਕੀ ਭਾਵ ਹੈ ? ਸਪੱਸ਼ਟ ਕਰੋ। 10

V. ਨਿਮਨ-ਦਰਜ ਸਬੰਧੀ ਵਿਹਾਰਕ ਵਿਆਕਰਣਕ ਜਾਣਕਾਰੀ ਦਰਜ ਕਰੋ :

www.questionpaperesult.com

Scanned by CamScanner

ਹੋਰਨਾਂ ਆਧੁਨਿਕ ਭਾਰਤੀ ਆਰੀਆ ਭਾਸ਼ਾਵਾਂ ਵਾਂਗ ਪੰਜਾਬੀ ਦਾ ਆਧੁਨਿਕ ਸਰੂਪ ਨੌਵੀਂ ਦਸਵੀਂ ਸਦੀ ਵਿਚ ਉਜਾਗਰ ਹੋਣਾ ਸ਼ੁਰੂ ਹੁੰਦਾ ਹੈ। ਇਹ ਉਹ ਕਾਲ ਹੈ ਜਿਸ ਵਿਚ ਪੰਜਾਬ ਉਤੇ ਵਿਦੇਸ਼ੀ ਹਮਲਾਵਰਾਂ ਦਾ ਦੌਰ ਸ਼ੁਰੂ ਹੁੰਦਾ ਹੈ। ਅੰਗਰੇਜ਼ਾਂ ਦੇ ਆਉਣ ਤੋਂ ਪਹਿਲਾਂ ਇਥੇ ਕਈ ਵਿਦੇਸ਼ੀ ਹਮਲਾਵਰ ਆਏ। 10

## ਭਾਗ - C

VI. ਹਰੇਕ ਪ੍ਰਸ਼ਨ ਦਾ ਤਿੰਨ-ਚਾਰ ਸਤਰਾਂ ਵਿਚ ਸੰਖੇਪ ਉੱਤਰ ਲਿਖੋ :

(1) ਸਭਿਆਚਾਰ ਨੂੰ ਪਰਿਭਾਸ਼ਿਤ ਕਰੋ।

(2) ਪੰਜਾਬ ਦੇ ਪੰਜ ਦਰਿਆ ਕਿਹੜੇ ਹਨ ?

(3) ਪੰਜਾਬੀਅਤ ਤੋਂ ਕੀ ਭਾਵ ਹੈ ?

(4) ਲੋਕਧਾਰਾ ਤੋਂ ਕੀ ਭਾਵ ਹੈ ?

(5) ਲੋਕਧਾਰਾ ਦੀਆਂ ਜੜ੍ਹਾਂ ਕਿਥੇ ਹੁੰਦੀਆਂ ਹਨ ?

(6) ਤੀਆਂ ਦਾ ਆਰੰਭ ਕਿਸ ਮਹੀਨੇ ਹੁੰਦਾ ਹੈ ?

(7) ਭੈਣ-ਭਰਾ ਦੇ ਪਿਆਰ ਨਾਲ ਤੀਆਂ ਦਾ ਕੀ ਸਬੰਧ ਹੈ ?

(8) ਪਿੰਡ ਵਿਚ ਤੀਆਂ ਲਈ ਕਿਹੜੀ ਥਾਂ ਨਿਸਚਿਤ ਹੁੰਦੀ ਹੈ ?

(9) ਕਵੀਸ਼ਰੀ ਤੋਂ ਕੀ ਭਾਵ ਹੈ ?

(10) ਉਸਤਾਦ ਕਵੀਸ਼ਰ ਦੀ ਕੀ ਪਛਾਣ ਹੁੰਦੀ ਹੈ ?

(11) ਸ਼ਬਦਾਂ ਦੀ ਸ਼੍ਰੇਣੀਆਂ ਕਿਤਨੀਆਂ ਹਨ ?

(12) ਪੰਜਾਬੀ ਸਵਰਾਂ ਦੀ ਗਿਣਤੀ ਕਿਤਨੀ ਹੈ ?

(13) ਪੰਜਾਬੀ ਦਾ ਸਰੋਤ ਕੀ ਹੈ ?

(14) ਭਾਸ਼ਾ ਪਰਿਵਾਰ ਤੋਂ ਕੀ ਭਾਵ ਹੈ ?

(15) ਪੰਜਾਬੀ ਉਤੇ ਫਾਰਸੀ ਦਾ ਪ੍ਰਭਾਵ ਕਦੋਂ ਪਿਆ ?

15×2=30

www.questionpaperesult.com

Scanned by CamScanner